**International Journal of Research in Social Sciences**
Vol. 9 Issue 5, May 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਦੇ ਪਾਤਰਾਂ ਦਾ ਕਿੱਤਾ ਅਧਾਰਿਤ ਭਾਸ਼ਾਈ ਵਿਸ਼ਲੇਸ਼ਣ

**ਡਾ. ਹਰਜਿੰਦਰ ਕੌਰ**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**
**ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ**
**ਮੋਬਾਇਲ ਨੰਬਰ: 9888388461**

ਸੰਤੋਖ ਸਿੰਘ ਧੀਰ ਪੰਜਾਬੀ ਦਾ ਪ੍ਰਸਿੱਧ ਪ੍ਰਗਤੀਵਾਦੀ ਲੇਖਕ ਹੈ। ਧੀਰ ਨੇ ਮਾਰਕਸਵਾਦੀ ਵਿਚਾਰਧਾਰਾ ਅਧੀਨ ਆਪਣੀਆਂ ਕਹਾਣੀਆਂ ਵਿਚ ਮਜ਼ਦੂਰਾਂ , ਕਾਮਿਆਂ, ਕਿਸਾਨਾਂ ਅਤੇ ਸ਼ੋਸ਼ਿਤ ਲੋਕਾਂ ਦੀਆਂ ਸਮੱਸਿਆਵਾਂ ਭਰਪੂਰ ਜਿੰਦਗੀ ਦਾ ਯਥਾਰਥਕ ਚਿੱਤਰ ਪੇਸ਼ ਕੀਤਾ ਹੈ। ਕਹਾਣੀਆਂ ਵਿਚਲੇ ਪਾਤਰ ਸਮਾਜਿਕ ਦਰਜਾਬੰਦੀ ਅਧੀਨ ਵੱਖ-ਵੱਖ ਕਿੱਤਿਆਂ ਨਾਲ ਜੁੜੇ ਹੋਏ ਹੁੰਦੇ ਹਨ। ਕਹਾਣੀਆਂ ਵਿਚ ਖੇਤੀ ਨਾਲ ਸੰਬੰਧਿਤ ਕਿੱਤਾ, ਦਰਜੀ ਦਾ ਕਿੱਤਾ, ਲਲਾਰੀ ਦਾ ਕਿੱਤਾ, ਪੱਤਰਕਾਰੀ ਦਾ ਕਿੱਤਾ ਆਦਿ ਪੇਸ਼ ਹੋਏ ਹਨ। ਹਰ ਭਾਸ਼ਾ ਸੰਬੰਧਿਤ ਸਮਾਜ ਦੀਆਂ ਲੋੜਾਂ ਲਈ ਮੁਕੰਮਲ ਹੁੰਦੀ ਹੈ। ਭਾਸ਼ਾ , ਸਮਾਜ ਦੀ ਰਹਿਣੀ -ਬਹਿਣ, ਰੀਤੀ-ਰਿਵਾਜ, ਵਹਿਮਾਂ-ਭਰਮਾਂ, ਕੰਮ-ਧੰਦਿਆਂ ਆਦਿ ਦਾ ਚਿੱਤਰ ਪੇਸ਼ ਕਰਦੀ ਹੈ। ਗੰਪਰਜ਼ ਨੇ ਆਪਣੇ ਅਧਿਐਨ ਵਿਚ ਸਪਸ਼ਟ ਕੀਤਾ ਹੈ ਕਿ ਵਿਭਿੰਨ ਕਾਰਜੀ ਪਰਿਸਥਿਤੀਆਂ ਦੌਰਾਨ ਮਨੁੱਖੀ ਭਾਸ਼ਾ ਦਾ ਤਬਦੀਲ ਹੋਣਾ ਸੁਭਾਵਿਕ ਤੇ ਨਿਸ਼ਚਿਤ ਹੈ।

**ਭਾਸ਼ਾ ਤੇ ਸਮਾਜ ਭਾਸ਼ਾ ਵਿਗਿਆਨ :-**

ਭਾਸ਼ਾ ਉਹ ਸਿਰਜਣਾਤਮਕ ਸ਼ਕਤੀ ਹੈ, ਜਿਸ ਰਾਹੀਂ ਮਨੁੱਖ ਆਪਣੇ ਸਮਾਜਿਕ ਵਿਕਾਸ ਦੇ ਹਜ਼ਾਰਾਂ ਸਾਲਾਂ ਦਾ ਪੰਧ ਤੈਅ ਕਰਕੇ ਅਜੋਕੀ ਅਵਸਥਾ ਤੱਕ ਪੁੱਜਿਆ ਹੈ। ਭਾਸ਼ਾ ਰਾਹੀਂ ਕੀਤੇ ਆਦਾਨ -ਪ੍ਰਦਾਨ ਅਤੇ ਇਸਦੀ ਕਿਸੇ ਜਨ-ਸਮੂਹ ਦੁਆਰਾ ਵਰਤੋਂ ਨਾਲ ਹੀ ਕੌਮੀਅਤ ਜਾਂ ਸਭਿਆਚਾਰ ਦਾ ਮੁੱਢ ਬੱਝਦਾ ਹੈ। ਸਮਾਜ ਤੋਂ ਬਿਨਾਂ ਭਾਸ਼ਾ ਅਤੇ ਭਾਸ਼ਾ ਤੋਂ ਬਿਨਾਂ ਸਮਾਜ ਦੀ ਹੋਂਦ ਕਲਪੀ ਨਹੀਂ ਜਾ ਸਕਦੀ। ਮਾਰਸ਼ਲ ਅਨੁਸਾਰ , "Language as an institution and language as a power must be take into account in the history of every society."[i] ਭਾਸ਼ਾ ਦਾ ਮੁੱਖ ਮੰਤਵ ਆਪਸੀ ਸੰਚਾਰ ਹੁੰਦਾ ਹੈ ਜਿਸ ਰਾਹੀਂ ਮਨੁੱਖ ਸਮਾਜਿਕ ਆਦਾਨ ਪ੍ਰਦਾਨ ਕਰਦਾ ਹੈ। ਭਾਸ਼ਾ ਦੇ ਅਧਿਐਨ ਸੰਬੰਧੀ ਭਾਸ਼ਾ ਵਿਗਿਆਨੀਆਂ ਅਤੇ ਸਮਾਜ ਭਾਸ਼ਾ ਵਿਗਿਆਨੀਆਂ ਦੀਆਂ ਵਿਧੀਆਂ ਵਿਚ ਵੀ ਅੰਤਰ ਪਾਏ ਜਾਂਦੇ ਹਨ। ਭਾਸ਼ਾ ਵਿਗਿਆਨ ਤੋਂ ਕਿਸੇ ਜਾਤੀ ਵਿਚ ਉਚਾਰ-ਅੰਤਰ ਕੇਵਲ ਮੁਕਤ

ਪਰਿਵਰਤਨ ਹੁੰਦੇ ਹਨ ਪਰ ਸਮਾਜ ਭਾਸ਼ਾ ਵਿਗਿਆਨ ਪਰਿਪੇਖ ਤੋਂ ਇਹ ਪਰਿਵਰਤਨ ਮੁਕਤ ਅਤੇ ਮਨ-ਮਰਜ਼ੀ ਦੇ ਨਹੀਂ ਹੁੰਦੇ , ਸਗੋਂ ਇਹ ਸਮਾਜਿਕ ਅੰਤਰਾਂ ਦੇ ਕਾਰਨ ਹੁੰਦੇ ਹਨ। ਭਾਸ਼ਾ ਵਿਗਿਆਨ ਦੀ ਸੀਮਾ ਸਿਰਫ਼ ਵਿਆਕਰਨ ਹੁੰਦੀ ਹੈ। ਭਾਸ਼ਾ ਦੀ ਪ੍ਰਕਿਰਤੀ ਦਾ ਪਤਾ ਵਿਆਕਰ ਨ ਦੇ ਆਧਾਰ ਤੇ ਪਤਾ ਲੱਗਦਾ ਹੈ ਜਦੋਂ ਕਿ ਸਮਾਜ ਭਾਸ਼ਾ ਵਿਗਿਆਨ ਭਾਸ਼ਾ ਦੀ ਵਿਆਕਰਨ ਦੇ ਨਾਲ-ਨਾਲ ਭਾਸ਼ਾ ਕੀ, ਕਿਓ ਅਤੇ ਕਿੰਨਾ-ਕਿੰਨਾ ਉਦੇਸ਼ਾਂ ਦੇ ਲਈ ਵਰਤੀ ਜਾਂਦੀ ਹੈ ਆਦਿ ਦਾ ਅਧਿਐਨ ਕਰਦਾ ਹੈ। ਸਮਾਜ ਭਾਸ਼ਾ ਵਿਗਿਆਨ ਵਿਚ ਭਾਸ਼ਾ ਅਤੇ ਸਮਾਜ ਦੇ ਆਪਸੀ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਦੀ ਬਣਤਰ ਦਾ ਭਾਸ਼ਾ ਦੀ ਬਣਤਰ ਉੱਪਰ ਅਤੇ ਭਾਸ਼ਾ ਦੀ ਬਣਤਰ ਸਮਾਜ ਦੀ ਬਣਤਰ ਉੱ ਪਰ ਪ੍ਰਭਾਵ ਪੈਂਦਾ ਹੈ। ਸਮਾਜ ਭਾਸ਼ਾ ਵਿਗਿਆਨ ਦਾ ਉਦੇਸ਼ ਭਾਸ਼ਾ ਵਿਗਿਆਨਕ ਅਤੇ ਸਮਾਜਿਕ ਬਣਤਰ ਦੀ ਸਹਿਵਰਤੀ ਵਰਤਾਰੇ ਦਾ ਵਰਨਣ ਕਰਨਾ ਹੈ। ਇਸਦਾ ਮੁੱਖ ਆਸ਼ਾ ਬਹੁਰੂਪਤਾ ਨੂੰ ਜਾਂਚਣਾ ਹੈ। ਇਸ ਸਾਰੇ ਅਧਿਐਨ ਲਈ ਲੋੜੀਂਦੀ ਸਮੱਗਰੀ ਸਮਾਜ ਭਾਸ਼ਾ ਵਿਗਿਆਨ ਦਾ ਅੰਗ ਮੰਨੀ ਜਾਂਦੀ ਹੈ। ਪ੍ਰਾਈਡ ਤੇ ਹੋਮ ਜ਼ ਅਨੁਸਾਰ, "Sociolinguistics comprehends the study of the structure and use of language in its social and cultural context."[ii] ਸਮਾਜ ਵਿਚ ਕਿੱਤੇ, ਆਰਥਿਕ, ਜਾਤ, ਧਰਮ ਆਦਿ ਦੇ ਅਧਾਰ 'ਤੇ ਵਰਗ ਵੰਡ ਹੋਈ ਹੁੰਦੀ ਹੈ। ਸਮਾਜ ਦੀ ਭਾਸ਼ਾ ਨੂੰ ਵੀ ਇਸ ਵੰਡ ਦੇ ਪਰਿਪੇਖ ਵਿਚੋਂ ਹੀ ਵੇਖਿਆ ਜਾਣ ਲੱਗਿਆ। ਸਮਾਜਿਕ ਵਰਗ ਵੰਡ ਅਨੁਸਾਰ ਵੱਖੋ-ਵੱਖਰੇ ਕਿੱਤਿਆਂ ਦੇ ਅਧਾਰ 'ਤੇ ਭਾਸ਼ਾਈ ਵੰਨ-ਸੁਵੰਨਤਾ ਸਮਾਜ ਵਿਚ ਪ੍ਰਤੱਖ ਵਿਦਮਾਨ ਹੁੰਦੀ ਹੈ। ਹੱਥਲੇ ਖੋਜ ਪੱਤਰ ਵਿਚ ਧੀਰ ਦੀਆਂ ਕਹਾਣੀਆਂ ਵਿਚਲੇ ਕਿੱਤਾ ਅਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਸਮਾਜ ਭਾਸ਼ਾ ਵਿਗਿਆਨ ਦੇ ਪ੍ਰਤੀਮਾਨਾਂ ਅਨੁਸਾਰ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ।

**ਰਜਿਸਟਰ :-**

ਰਜਿਸਟਰ ਇਕ ਭਾਸ਼ਾਈ ਸੰਕਲਪ ਹੈ। ਨਿਸ਼ਚਿਤ ਮੌਕਿਆਂ ਤੇ ਆਪਣੀ ਗੱਲ ਨੂੰ ਵਧੀਆ ਤਰੀ ਕੇ ਨਾਲ ਸਮਝਾਉਣ ਲਈ ਵਿਅਕਤੀ ਵਿਸ਼ੇਸ਼ ਤਰ੍ਹਾਂ ਦੀ ਸ਼ਬਦਾਵਲੀ ਅਤੇ ਉਚਾਰਨ ਦੀ ਵਰਤੋਂ ਕਰਦਾ ਹੈ। ਹੈਲੀਡੇ ਅਨੁਸਾਰ, "Language varies its function varies; it differs in different situations-A the name give to a variety of language distinguished according to use in Register."[iii]

**International Journal of Research in Social Sciences**
Vol. xIssue x, Month 201x,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਰਜਿਸਟਰ ਦੇ ਸੰਕਲਪ ਨਾਲ ਸਮਾਜਿਕ ਭੂਮਿਕਾ ਦਾ ਸੰਕਲਪ ਵੀ ਜੁੜਿਆ ਹੋਇਆ ਹੈ। ਰਜਿਸਟਰ ਵਿਚ ਮੁੱਖ ਤੌਰ ਤੇ ਸ਼ਬਦਾਵਲੀ ਦੇ ਅੰਤਰ ਹੁੰਦੇ ਹਨ। ਇਹ ਅੰਤਰ ਜਾਂ ਤਾਂ ਵਿਸ਼ੇਸ਼ ਸ਼ਬਦਾਵਲੀ ਦੀ ਵਰਤੋਂ ਨਾਲ ਸੰਬੰਧ ਰੱਖਦੇ ਹਨ ਜਾਂ ਫਿਰ ਸ਼ਬਦਾਂ ਦੀ ਵਿਸ਼ੇਸ਼ ਭਾਵਨਾ ਨਾਲ ਸੰਬੰਧਿਤ ਹੁੰਦੇ ਹਨ। ਜਾਰਜ ਯੂਲ ਅਨੁਸਾਰ, "Another influence on speech style that is tied to social identity derives from register. A register is a conventional way of using language that is appropriate in a specific context, which may be identified as situational occupational or topical."[iv] ਇਸ ਪ੍ਰਕਾਰ ਸਮਾਜ ਦਾ ਵਰਗੀਕਰਨ ਕਿੱਤਾ ਅਧਾਰਿਤ ਵੀ ਕੀਤਾ ਜਾਂਦਾ ਹੈ। ਹਰਕੇ ਕਿੱਤੇ ਦੀ ਆਪਣੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ ਜੋ ਉਸ ਵਿਚ ਸ਼ਾਮਲ ਲੋਕਾਂ ਦੀ ਭਾਸ਼ਾ ਨੂੰ ਵਿਸ਼ੇਸ਼ ਰੰਗਤ ਦਿੰਦੀ ਹੈ। ਉਨ੍ਹਾਂ ਦੀ ਇਹ ਭਾਸ਼ਾ ਉਨ੍ਹਾਂ ਦੇ ਆਪਣੇ ਵਰਗ ਵਿਚ ਭਲੀ-ਭਾਂਤ ਸਮਝੀ ਜਾਂਦੀ ਹੈ ਪਰ ਓਪਰੇ ਵਿਅਕਤੀ ਨੂੰ ਸਮਝਣ ਵਿਚ ਮੁਸ਼ਕਿਲ ਆਉਂਦੀ ਹੈ। ਆਤਮ ਸਿੰਘ ਅਨੁਸਾਰ, "ਕਿੱਤਿਆਂ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਜਾਂਦੀਆਂ ਹਨ। 1. ਪਰੰਪਰਾਵਾਦੀ 2. ਗੈਰ-ਪਰੰਪਰਾਵਾਦੀ। ਤਕਰੀਬਨ ਸਾਰੀਆਂ ਜਾਤੀਆਂ ਵਿਚ ਪਰੰਪਰਾਵਾਦੀ ਕਿੱਤੇ ਦੀ ਜੁਗਤ ਅਤੇ ਗੈਰ -ਪਰੰਪਰਾਵਾਦੀ ਕਿੱਤੇ ਦੀ ਵਰਤੋਂ ਨਾਲ ਨਾਲ ਮਿਲਦੀ ਹੈ।"[v] ਪਰੰਪਰਾਵਾਦੀ ਕਿੱਤਾ ਆਪਣੀ ਹੀ ਸ਼੍ਰੇਣੀ ਵਿਚ ਵਿਰਾਸਤੀ ਰੂਪ ਵਿਚ ਕੀਤਾ ਜਾਂਦਾ ਹੈ ਅਤੇ ਹਰ ਪੱਧਰ ਤੇ ਪਰੰਪਰਾਵਾਦੀ ਕਿੱਤੇ ਦੀ ਵਰਤੋਂ ਮਿਲਦੀ ਹੈ। ਜਦੋਂ ਕਿ ਗੈਰ ਪਰੰਪਰਾਵਾਦੀ ਕਿੱਤੇ ਵਿਚ ਉਹ ਲੋਕ ਸ਼ਾਮਿਲ ਹੁੰਦੇ ਹਨ ਜੋ ਕਿਸੇ ਕਾਰਨ ਆਪਣਾ ਪਰੰਪਰਾਵਾਦੀ ਕਿੱਤਾ ਛੱਡ ਕੇ ਹੋਰ ਕਿੱਤੇ ਨੂੰ ਅਪਣਾਉਂਦੇ ਹਨ। ਇਸ ਨਾਲ ਹੀ ਕੁਝ ਲੋਕ ਅਜਿਹੇ ਹੁੰਦੇ ਹਨ ਜਿਹੜੇ ਆਪਣੇ ਪਰੰਪਰਾਵਾਦੀ ਕਿੱਤੇ ਦੇ ਨਾਲ ਕੋਈ ਗੈਰ -ਪਰੰਪਰਾਵਾਦੀ ਜਾਂ ਕਿਸੇ ਹੋਰ ਜਾਤੀ ਦੇ ਪਰੰਪਰਾਵਾਦੀ ਕਿੱਤੇ ਵਿਚ ਕੰਮ ਕਰਦੇ ਹਨ। ਹਰ ਕਿੱਤੇ ਦੀ ਆਪਣੀ ਵਿਸ਼ੇਸ਼ ਪ੍ਰਕਾਰ ਦੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ ਜੋ ਉਸ ਕਿੱਤੇ ਨਾਲ ਸੰਬੰਧਿਤ ਲੋਕਾਂ ਦੁਆਰਾ ਹੀ ਸਮਝੀ ਜਾਂਦੀ ਹੈ। ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਵੀ ਵੱਖੋ-ਵੱਖਰੇ ਕਿੱਤਿਆਂ ਦੀ ਪੇਸ਼ਕਾਰੀ ਹੋਈ ਹੈ। ਕਹਾਣੀਆਂ ਦੀ ਪਿੱਠਭੂਮੀ ਪੇਂਡੂ ਸਮਾਜ ਦੀ ਤਸਵੀਰ ਨੂੰ ਉਲੀਕਦੀ ਹੈ ਜਿਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਖੇਤੀਬਾੜੀ ਤੋਂ ਇਲਾਵਾ ਦਰਜੀ ਦਾ ਕਿੱਤਾ , ਪੱਤਰਕਾਰੀ ਦਾ ਕਿੱਤਾ , ਲਲਾਰੀ ਦਾ ਕਿੱਤਾ , ਪੁਲਿਸ ਦਾ ਕਿੱਤਾ , ਆਵਾਜਾਈ ਦੇ

ਸਾਧਨਾਂ ਨਾਲ ਸੰਬੰਧਿਤ ਕਿੱਤਾ, ਡਾਕਟਰੀ ਦਾ ਕਿੱਤਾ ਆਦਿ ਦੀ ਪੇਸ਼ਕਾਰੀ ਹੋਈ ਹੈ। ਇਨਾਂ ਵੱਖ-ਵੱਖ ਕਿੱਤਿਆਂ ਦੇ ਅਧਾਰ 'ਤੇ ਪੱਤਰਕਾਰੀ ਭਾਸ਼ਾ, ਡਾਕਟਰੀ ਭਾਸ਼ਾ ਆਦਿ ਹੋਂਦ ਗ੍ਰਹਿਣ ਕਰਦੀਆਂ ਹਨ। ਇਸ ਪ੍ਰਕਾਰ ਧੀਰ ਦੀਆਂ ਕਹਾਣੀਆਂ ਨੂੰ ਜਦੋਂ ਸਮਾਜ ਭਾਸ਼ਾ ਵਿਗਿਆਨਕ ਪ੍ਰਤੀਮਾਨਾਂ ਅਨੁਸਾਰ ਵਾਚਦੇ ਹਾਂ ਤਾਂ ਕਹਾਣੀਆਂ ਵਿਚਲੇ ਪਾਤਰਾਂ ਦੀ ਭਾਸ਼ਾ ਵਿਚ ਕਿੱਤਾ ਅਧਾਰਿਤ ਭਾਸ਼ਾਈ ਵਖਰੇਵੇਂ ਦ੍ਰਿਸ਼ਟੀਗੋਚਰ ਹੁੰਦੇ ਹਨ।

**ਖੇਤੀ ਕਿੱਤੇ ਨਾਲ ਸੰਬੰਧਿਤ ਭਾਸ਼ਾ:**

ਪੰਜਾਬੀ ਸਮਾਜ ਵਿਚ ਖੇਤੀਬਾੜੀ ਕਿੱਤਾ ਪਰੰਪਰਾਵਾਦੀ ਕਿੱਤਾ ਹੈ। ਧੀਰ ਦੀਆਂ ਜ਼ਿਆਦਾਤਰ ਕਹਾਣੀਆਂ ਪੇਂਡੂ ਸਮਾਜ ਨਾਲ ਸੰਬੰਧਿਤ ਹਨ ਜਿਸ ਵਿਚ ਪਾਤਰਾਂ ਦਾ ਮੁੱਖ ਪਰੰਪਰਾਵਾਦੀ ਕਿੱਤਾ ਖੇਤੀਬਾੜੀ ਹੈ। ਕਹਾਣੀਆਂ ਵਿਚਲੇ ਪਾਤਰਾਂ ਦਾ ਜਿਸ ਤਰ੍ਹਾਂ ਦਾ ਕਿੱਤਾ ਹੈ ਉਸ ਤਰ੍ਹਾਂ ਦੀ ਸ਼ਬਦਾਵਲੀ ਹੀ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਵਾਰਤਾਲਾਪ ਦਾ ਹਿੱਸਾ ਬਣ ਜਾਂਦੀ ਹੈ ਜਿਸ ਦੀ ਵਰਤੋਂ ਪਾਤਰ ਸਹਿਜ ਸੁਭਾਅ ਕਰਦੇ ਹਨ। ਖੇਤੀ ਨਾਲ ਸੰਬੰਧਿਤ ਸ਼ਬਦਾਵਲੀ ਪਾਤਰਾਂ ਦੁਆਰਾ ਉਚਾਰੇ ਵਾਰਤਾਲਾਪਾਂ ਵਿਚ ਆਮ ਦਿਖਾਈ ਦਿੰਦੀ ਹੈ।

"ਜਾਣੀਦਾ ਪੱਕੇ ਕੀ ਸਾਰੀ ਖੱਤੀ ਵਾਹ ਆਇਆਂ ਚੰਨਣਾ,
ਮਖਾਂ ਬੋਲਦਾ ਨ੍ਹੀ, ਥੱਕਿਆ ਹੋਇੰਗਾ?"
ਓ ਮਖਾਂ ਹੁਣ ਕਾਹਨੂੰ ਰੱਖਣੀ ਐ -ਜੋਤਾ ਹੋਰ ਕੱਸ ਕੇ ਲਾ ਲਈਏ-ਇਕ ਤਾਂ ਬੌਲਦ ਨ੍ਹੀਂ ਤੁਰਦਾ ਸਾਲਾ, ਜਮਾ ਈ ਰਹਿ ਖੜਿਆ।
"ਕਿਹੜਾ, ਮੀਣਾ?"
"ਨਹੀਂ, ਦੂਆ ਲਾਖਾ, ਡਿੰਗ ਇ ਨ੍ਹੀ ਪੱਟਦਾ ਬਰਾਬਰ, ਤਾਹੀਂ ਤਾਂ ਆਹ ਵੇਲਾ ਆ ਗਿਆ।"[vi]

(ਪੰਨਾ 108, ਸਤਰ 12, ਸਵੇਰ ਹੋਣ ਤਕ)

'ਸਵੇਰ ਹੋਣ ਤਕ' ਕਹਾਣੀ ਘੱਟ ਜ਼ਮੀਨੇ ਕਿਸਾਨ ਦੀ ਤਰਸਯੋਗ ਹਾਲਤ ਨੂੰ ਬਿਆਨਦੀ ਹੈ। ਹੱਡ ਭੰਨਣੀ ਕਿਰਤ-ਕਮਾਈ ਕਰਨ ਉਪਰੰਤ ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੀ ਨਹੀਂ ਹੁੰਦੀ। ਚੰਨਣ ਸਿੰਘ ਕਿਸਾਨ ਪਾਤਰ ਵੀ ਅਜਿਹੀ ਸਥਿਤੀ ਦਾ ਪ੍ਰਤਿਨਿੱਧ ਪਾਤਰ ਹੈ। ਚੰਨਣ ਸਿੰਘ ਨੂੰ ਦਿਨੇ ਤਾਂ ਆਰਾਮ ਨਸੀਬ ਨਹੀਂ ਹੁੰਦਾ, ਰਾਤ ਦੇ ਦੋ ਪਹਿਰ ਵੀ ਬੇਚੈਨੀ ਵਿਚ ਲੰਘਦੇ ਹਨ। ਬਰਸਾਤ ਦੇ ਮੌਸਮ ਵਿਚ ਰਾਤ ਨੂੰ ਸੌਣ ਲਈ ਮੀਂਹ ਆਉਣ ਤੇ ਚੁਬਾਰਾ ਨਾ ਹੋਣ ਦੀ ਸੂਰਤ ਵਿਚ ਮੰਜੇ ਕੋਠੇ ਤੋਂ ਥੱਲੇ ਤੇ ਥੱਲਿਓ ਉੱਪਰ ਚੜਾਉਂਦਿਆ ਹੀ ਸਾਰੀ ਰਾਤ

ਲੰਘ ਜਾਂਦੀ ਹੈ। ਮੰਦੇ ਆਰਥਿਕ ਹਾਲਤਾਂ ਵਿਚ ਚੁਬਾਰੇ ਦੀ ਸਹੂਲਤ ਦਾ ਹੋਣਾ ਸੰਭਵ ਹੀ ਨਹੀਂ ਹੈ। ਚੰਨਣ ਸਿੰਘ ਦੀ ਆਪਣੇ ਗੁਆਂਢੀ ਘੁੱਦੇ ਨਾਲ ਹੋਈ ਵਾਰਤਾਲਾਪ ਅਧੀਨ ਉਚਾਰੇ ਸ਼ਬਦ 'ਖੱਤੀ', 'ਜੋਤਾ ਹੋਰ ਕੱਸ ਕੇ ਲਾ ਲਈਏ', 'ਡਿੰਗ ਇ ਨ੍ਹੀ ਪੱਟਦਾ ਬਰਾਬਰ' ਆਦਿ ਅਜਿਹੇ ਹਨ ਜੋ ਕਿ ਖੇਤੀ ਬਾੜੀ ਕਿੱਤੇ ਨਾਲ ਸੰਬੰਧਿਤ ਹਨ ਅਤੇ ਉਸੇ ਹੀ ਵਰਗ ਦੇ ਲੋਕਾਂ ਦੁਆਰਾ ਆਮ ਵਰਤੇ ਜਾਂਦੇ ਹਨ। ਦੂਜੇ ਵਰਗ ਦੇ ਕਿੱਤਿਆਂ ਨਾਲ ਸੰਬੰਧਿਤ ਲੋਕਾਂ ਨੂੰ ਅਜਿਹੇ ਸ਼ਬਦ ਸਮਝ ਨਹੀਂ ਆਉਂਦੇ ਹਨ। ਚੰਨਣ ਸਿੰਘ ਦੀ ਆਪਣੇ ਗੁਆਂਢੀ ਘੁੱਦੇ ਨਾਲ ਹੋਈ ਉਪਰੋਕਤ ਵਾਰਤਾਲਾਪ ਅਧੀਨ ਕਿੱਤਾ ਅਧਾਰਿਤ ਵਖਰੇਵੇਂ ਪੈਦਾ ਹੁੰਦੇ ਹਨ।

"ਰਾਤ ਕਿੰਨ੍ਹੀ ਕੁ ਰਹਿੰਦੀ ਹੋਣੀ ਐ ਘੁਦਿਆ ਅਜੇ?
ਕਾਹਨੂੰ-ਅੱਧੀ ਰਾਤ ਲੰਘੀ ਐ ਮਸੀ, ਹਾਲੇ ਤਾਰਾ ਵੀ ਨ੍ਹੀ ਚੜ੍ਹਿਆ
ਹੋਣਾ, ਬੱਦਲਾਂ ਕਰਕੇ ਦਿਖਦਾ ਨ੍ਹੀਂ ਇਕ ਤਾਂ ਅੱਜ – ਤੈ ਚਰਾਂਦੀ ਜਾਣਾ ਹੋਣੈ?"[vii]

(ਪੰਨਾ 115, ਸਤਰ 19 ਸਵੇਰ ਹੋਣ ਤਕ)

ਸਾਰੀ ਰਾਤ ਮੀਂਹ ਆਉਣ ਦੀ ਸੰਭਾਵਨਾ ਕਾਰਨ ਮੰਜੇ ਕੋਠੇ ਤੋਂ ਥੱਲੇ ਤੇ ਥੱਲੇ ਤੋਂ ਉੱਪਰ ਚੜ੍ਹਾਉਣ ਕਾਰਨ ਚੰਨਣ ਸਿੰਘ ਰੱਜਵੀ ਨੀਂਦ ਵੀ ਨਹੀਂ ਲੈ ਸਕਦਾ। ਚੰਨਣ ਸਿੰਘ ਨੂੰ ਜ਼ਿੰਦਗੀ ਦੇ ਸਾਧਾਰਨ ਸੁੱਖ, ਆਰਾਮ ਦੇ ਮੌਕੇ ਵੀ ਪ੍ਰਾਪਤ ਨਹੀਂ ਹੁੰਦੇ ਹਨ। ਕਹਾਣੀ ਵਿਚ ਕਿਸਾਨ ਦੀ ਬੇ-ਆਰਾਮੀ ਕਾਰਨ ਫ਼ਸਲ ਪ੍ਰਤੀ ਅਨਿਸ਼ਚਿਤਾ ਜਤਾਈ ਗਈ ਹੈ। ਚੰਨਣ ਦਾ ਸਮੇਂ ਸਿਰ 'ਚਰਾਂਦੀ' ਪਹੁੰਚਣ ਦਾ ਫ਼ਿਕਰ ਵੀ ਪੰਜਾਬੀ ਸਮਾਜ ਦੇ ਪਰੰਪਰਾਵਾਦੀ ਕਿੱਤੇ ਖੇਤੀ ਨੂੰ ਦ੍ਰਿਸ਼ਟਮਾਨ ਕਰਦਾ ਹੈ। ਘੁੱਦੇ ਤੇ ਚੰਨਣ ਸਿੰਘ ਦੀ ਆਪਸੀ ਵਾਰਤਾਲਾਪ ਅਧੀਨ 'ਚਰਾਂਦੀ' ਸ਼ਬਦ ਖੇਤੀ ਕਿੱਤੇ ਦੀ ਭਾਸ਼ਾਈ ਵੱਖਰਤਾ ਨੂੰ ਸਾਕਾਰ ਕਰਦਾ ਹੈ।

"ਰੋਟੀ ਦੇ ਕੇ ਆਪਣੀ ਬੀਬੀ ਨੂੰ ਈ ਘਲ ਦਈਂ ਬੀਬੋ ਨਹੀਂ ਤਾਂ , ਜਾਂਦੀ ਹੋਈ ਨੀਰੇ ਦੀ ਭਰੋਟੀਓ ਵਢ ਲਜਾਊ।"[viii]

(ਪੰਨਾ 52, ਸਤਰ, ਰੰਗ ਵਿਚ ਭੰਗ)

'ਰੰਗ ਵਿਚ ਭੰਗ' ਕਹਾਣੀ ਘੱਟ ਜ਼ਮੀਨੇ ਕਿਸਾਨ ਦੀ ਤ੍ਰਾਸਦੀ ਨੂੰ ਬਿਆਨਦੀ ਹੈ। ਕਹਾਣੀ ਵਿਚ 'ਜੱਗਾ' ਪਾਤਰ ਅਜਿਹੀ ਤ੍ਰਾਸਦੀ ਦਾ ਸ਼ਿਕਾਰ ਹੁੰਦਾ ਹੈ। ਕਿਸਾਨ ਦੀ ਆਰਥਿਕ ਮੰਦਹਾਲੀ ਉਸਦੇ ਜੀਵਨ ਵਿਚੋਂ ਖੁਸ਼ੀਆਂ ਲੈ ਜਾਂਦੀ ਹੈ। ਜਦੋਂ ਜੱਗੇ ਵਰਗੇ ਪਾਤਰ ਭੁੱਲ-ਭੁੱਲੇਖੇ ਖੁਸ਼ੀ ਸੋਚਣ ਵੀ ਲੱਗਦੇ ਹਨ ਤਾਂ ਝੱਟ ਹੀ ਸ਼ਾਹੂਕਾਰ ਵਰਗੇ ਆ ਹਾਜ਼ਰ ਹੁੰਦੇ ਹਨ। ਕਰਜ਼ੇ ਦੇ ਬੋਝ ਥੱਲੇ ਦਬਿਆ ਜੱਗਾ ਆਪਣੇ ਜੀਵਨ ਦੇ ਸੁਪਨੇ ਵੀ ਪੂਰੇ ਨਹੀਂ ਕਰ ਸਕਦਾ।

ਜੱਗੇ ਦੀ ਪਤਨੀ ਸ਼ਾਮੋ ਵੀ ਮਾੜੀ ਆਰਥਿਕਤਾ ਕਾਰਨ ਦਿਨ ਕਟੀ ਕਰ ਰਹੀ ਹੈ। ਖੇਤਾਂ ਵਿਚ ਕੰਮ ਕਰਦੇ ਜੱਗੇ ਦੇ ਬੋਲਾਂ ਵਿਚੋਂ 'ਨੀਰੇ ਦੀ ਭਰੋਟੀਓ' ਸ਼ਬਦ ਕਿੱਤੇ ਦੀ ਭਾਸ਼ਾਈ ਵੱਖਰਤਾ ਨੂੰ ਸਾਕਾਰ ਕਰਦੇ ਹਨ ਜਿਸਦਾ ਸਧਾਰਣ ਅਰਥ 'ਪਸ਼ੂਆਂ ਦਾ ਹਰਾ ਚਾਰਾ' ਹੁੰਦਾ ਹੈ। ਅਜਿਹੇ ਸ਼ਬਦ ਦੂਜੇ ਕਿੱਤੇ ਦੇ ਲੋਕਾਂ ਦੀ ਸਮਝ ਵਿਚ ਘਟ ਹੀ ਆਉਂਦੇ ਹਨ।

> "ਚਲ ਤਾਂ ਬਈ ਤੇਜਿਆ! ਆਪਾਂ ਵੀ ਮੱਕੀ ਬੀਜ ਆਈਏ।" ਪਰ, ਤੇਜੇ ਨੇ ਅੱਖੜ ਹੋ ਕੇ ਪੰਜਾਲੀ ਨੂੰ ਵਿਹੜੇ ਵਿਚ ਵਗ੍ਹਾਂਦਿਆਂ ਕਿਹਾ
>
> "ਮੈਂ ਨ੍ਹੀਂ ਬਾਪੂ ਬੀਜਣ ਜਾਣਾ.....।"
>
> "ਓਏ ਕੀ ਕਿਹਾ? ਓਏ ਤੂੰ ਦਾਣੇ ਨ੍ਹੀਂ ਬੀਜਣ ਜਾਣਾ.....?"
>
> "ਹਾਂ-ਮੈਂ ਨ੍ਹੀ ਬੀਜਣੇ ਉਹ ਦਾਣੇ , ਜੇਹੜੇ ਸਾਨੂੰ ਭੁੱਖੇ ਛੱਡ ਕੇ ਚਲੇ ਜਾਂਦੇ ਨੇ --ਬਗਾਨੇ ਗਡਿਆਂ ਉਤੇ ਚੜ੍ਹਕੇ..।"
>
> "ਓ ਮੂਰਖਾ, ਜੇ ਬੀਜਾਂਗੇ, ਤਾਹੀ ਵਢਾਂਗੇ, ਨਹੀਂ ਤਾਂ ਖਾਏਂਗਾ ਡਲੇ...... ਵਾਹੁਣ ਦੇ?"[ix]
>
> (ਪੰਨਾ 108, ਸਤਰ 3, ਜਦੋਂ ਛੱਲੀਆਂ ਹਸੀਆਂ)

ਕਹਾਣੀ ਵਿਚਲੇ ਨੀਵੇਂ ਦਰਜੇ ਦੇ ਕਿਸਾਨ ਫਤਹਿ ਸਿੰਘ ਦੇ ਪੁੱਤ ਰ ਤੇਜੇ ਅਨੁਸਾਰ ਧਰਤੀ ਉਸੇ ਦੀ ਹੈ ਜਿਹੜਾ ਉਸ ਨੂੰ ਕਮਾਉਂਦਾ ਹੈ। ਤੇਜਾ ਨਵੀਂ ਸੋਚ ਅਧੀਨ ਆਪਣੇ ਬਾਪੂ ਨਾਲ ਦੂਜਿਆਂ ਦੇ ਖੇਤਾਂ ਵਿਚ ਕੰਮ ਕਰਨ ਦੀ ਵਿਰੋਧਤਾ ਕਰਦਾ ਹੈ ਜਿਸ ਕਾਰਨ ਜਿਮੀਦਾਰਾਂ ਤੇ ਕਿਸਾਨਾਂ ਵਿਚ ਤਣਾਓ ਵਧਦਾ ਜਾਂਦਾ ਹੈ। ਧੀਰ ਦੀਆਂ ਕਹਾਣੀਆਂ ਵਿਚ ਨਿਰੋਲ ਪੇਂਡੂ ਜੀਵਨ ਦੀ ਪੇਸ਼ਕਾਰੀ ਹੋਈ ਹੈ ਜਿਸ ਅਧੀਨ ਕਿਰਤੀ , ਕਾਮਿਆਂ, ਮਜ਼ਦੂਰਾਂ ਦੀ ਤ੍ਰਾਸਦੀ ਨੂੰ ਚਿਤਰਿਆ ਗਿਆ ਹੈ। ਤੇਜੇ ਅਤੇ ਫਤਿਹ ਸਿੰਘ ਦੀ ਆਪਸੀ ਵਾਰਤਾਲਾਪ ਤੋਂ ਕਿੱਤਾ ਅਧਾਰਿਤ ਭਾਸ਼ਾਈ ਵਖਰੇਵੇਂ ਸਾਕਾਰ ਹੁੰਦੇ ਹਨ। 'ਮੱਕੀ', 'ਬੀਜ', 'ਪੰਜਾਲੀ', 'ਦਾਣੇ', 'ਡਲੇ' ਆਦਿ ਸ਼ਬਦਾਵਲੀ ਖੇਤੀ ਕਿੱਤੇ ਨਾਲ ਸੰਬੰਧਿਤ ਹੈ।

**ਪੱਤਰਕਾਰੀ ਕਿੱਤੇ ਨਾਲ ਸੰਬੰਧਿਤ ਭਾਸ਼ਾ:**

ਧੀਰ ਦੀਆਂ ਕਹਾਣੀਆਂ ਵਿਚ ਪਰੰਪਰਾਵਾਦੀ ਤੇ ਗੈਰ ਪਰੰਪਰਾਵਾਦੀ ਦੋਵੇਂ ਤਰ੍ਹਾਂ ਦੇ ਕਿੱਤਿਆ ਦੀ ਪੇਸ਼ਕਾਰੀ ਹੋਈ ਹੈ। ਪੰਜਾਬੀ ਸਮਾਜ ਵਿਚ ਪੱਤਰਕਾਰੀ ਦਾ ਕਿੱਤਾ ਗੈਰ-ਪਰੰਪਰਾਵਾਦੀ ਕਿੱਤਾ ਹੈ ਜੋ ਕਿ ਅਜੋਕੇ

ਦੌਰ ਵਿਚ ਰੋਜ਼ੀ-ਰੋਟੀ ਦਾ ਕਿੱਤਾ ਵੀ ਨਹੀਂ ਰਿਹਾ। ਜਿਸਦੀ ਉਦਾਹਰਣ ਧੀਰ ਰਚਿਤ 'ਸਟਰਿੰਗਰ' ਕਹਾਣੀ ਵਿਚ ਭਲੀਭਾਂਤ ਸਪਸ਼ਟ ਹੁੰਦੀ ਹੈ।

> "ਤੂੰ ਕਿਸ ਬੀਟ ਉਤੇ ਕੰਮ ਕਰਨਾ ਚਾਹੇਗਾ?"
>
> "ਕੋਈ ਬੀਟ ਦੇ ਦਿਓ ਸਰ। ਮੈਨੂੰ ਸਭ ਪ੍ਰਵਾਨ ਹੈ।"
>
> "ਕਰਾਈਮ ਬੀਟ ਠੀਕ ਹੈ।"
>
> "ਠੀਕ ਐ ਸਰ ਕਰਾਈਮ ਬੀਟ।"[x]

(ਪੰਨਾ 110, ਸਤਰ 18, ਸਟਰਿੰਗਰ)

> "ਦੇਖ, ਤੂੰ ਸਟਗਿੰਰਰ ਹੈ। ਆਪਣੀ ਸੀਮਾ ਦੇ ਅੰਦਰ ਰਹਿ ਕੇ ਆਪਣਾ ਕੰਮ ਕਰਦਾ ਜਾਹ।" ਮੈਨੂੰ ਧਮਕੀ ਦਿੱਤੀ ਗਈ।[xi]

(ਪੰਨਾ 121, ਸਤਰ 23, ਸਟਰਿੰਗਰ)

'ਸਟਰਿੰਗਰ' ਕਹਾਣੀ ਅਜੋਕੇ ਸਮਾਜ ਵਿਚ ਫੈਲੀ ਭ੍ਰਿਸ਼ਟਾਚਾਰੀ ਤੋਂ ਤੰਗ ਆਏ ਮੱਧ ਅਤੇ ਨੀਵੇਂ ਦਰਜੇ ਦੀ ਤ੍ਰਾਸਦੀ ਨੂੰ ਬਿਆਨਦੀ ਹੈ। ਕਹਾਣੀ ਵਿਚਲਾ ਨੌਜਵਾਨ ਪਾਤਰ ਕਿਸੇ ਅ ਖ਼ਬਾਰ ਵਿਚ ਸਟਰਿੰਗਰ ਦੀ ਨੌਕਰੀ ਕਰਦਾ ਹੈ। ਸਟਰਿੰਗਰ ਦਾ ਸਧਾਰਣ ਅਰਥ ਡੋਰੀ ਹੈ ਪਰੰਤੂ ਪੱਤਰਕਾਰੀ ਵਿਚ ਸਟਰਿੰਗਰ ਉਹ ਹੈ ਜੋ ਪੱਤਰਕਾਰੀ ਜਗਤ ਵਿਚ ਸੁਤੰਤਰ ਕੰਮ ਕਰਦਾ ਹੈ। ਭਾਵ ਮੁਲਾਜ਼ਮ ਨਹੀਂ , ਜਿੰਨਾ ਲਿਖਿਆ, ਡੋਰ ਨਾਲ, ਧਾਗੇ ਨਾਲ ਜਾਂ ਫੀਤੇ ਨਾਲ ਮਿਣਕੇ ਪੈਸੇ ਦੇ ਦਿੱਤੇ ਜਾਂਦੇ ਹਨ। ਕਰਾਈਮ ਬੀਟ 'ਤੇ ਉਹ ਲਿਖਦਾ ਹੈ ਜਿਸ ਅਧੀਨ ਚੋਰੀ, ਡਾਕਾ, ਕਤਲ, ਖੁਦਕੁਸ਼ੀ, ਬਲਾਤਕਾਰ, ਐਕਸੀਡੈਂਟ ਆਦਿ ਘਟਨਾਵਾਂ ਆਉਂਦੀਆਂ ਹਨ। ਅਜੋਕੇ ਦੌਰ ਵਿਚ ਘੱਟ ਤਨਖਾਹ ਤੇ ਅਜਿਹੀ ਨੌਕਰੀ ਕਰਨਾ ਬਹੁਤ ਮੁਸ਼ਕਿਲ ਹੈ। ਨੌਜਵਾਨ ਪਾਤਰ ਵਲੋਂ ਵਾਰਤਾਲਾਪ ਅਧੀਨ ਉਚਾਰੇ ਸ਼ਬਦ 'ਬੀਟ', 'ਕਰਾਈਮ', 'ਸਟਰਿੰਗਰ' ਸ਼ਬਦ ਕਿੱਤਾ ਅਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਉਭਾਰਦੇ ਹਨ।

> 'ਮੈਂ ਸਵੇਰੇ ਗਿਆ ਸਾਂ ਸਪੌਟ ਉਤੇ ਨਿਊਜ਼ ਲਈ। ਪੁਲਿਸ ਤੋਂ ਹੀ ਮਿਲੀ ਡੀਟੇਲ। ਘਰੋਂ ਨਹੀਂ ਮਿਲਦੀ ਖ਼ਬਰ। ਅਸੀਂ ਘਰ ਵਾਲਿਆਂ ਨੂੰ ਚੰਗੇ ਵੀ ਨਹੀਂ ਲਗਦੇ ਹੁੰਦੇ , ਅਖਬਾਰਾਂ ਵਾਲੇ। ਉਹ ਸਮਝਦੇ ਹਨ ਕਿ ਉਹ ਤਾਂ ਉਦੋਂ ਦੁੱਖਾਂ ਦੇ ਮਾਰੇ ਹੁੰਦੇ ਹਨ , ਤੇ ਸਾਨੂੰ ਅਖ਼ਬਾਰਾਂ ਵਾਲਿਆਂ ਨੂੰ

> ਖ਼ਬਰਾਂ ਦੀ ਪਈ ਹੁੰਦੀ ਐ। ਭਾਵੇਂ ਅਸੀਂ ਵੀ ਸੋਗੀ ਜਿਹਾ ਮੂੰਹ ਬਣਾਇਆ ਹੁੰਦਾ ਹੈ , ਪਰ ਸਾਨੂੰ ਉਹ ਦੁੱਖ ਤਾਂ ਨਹੀਂ ਹੁੰਦਾ ਜਿਹੜਾ ਉਨ੍ਹਾਂ ਨੂੰ ਹੁੰਦਾ ਹੈ।[xii]

(ਪੰਨਾ 46-47, ਸਤਰ 28, ਯੂਨੀਵਰਸਿਟੀ)

'ਯੂਨੀਵਰਸਿਟੀ' ਕਹਾਣੀ ਅਜੋਕੇ ਸਮਾਜ ਵਿਚ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਭੈੜੀਆਂ ਨੀਤੀਆਂ ਦੀ ਆਲੋਚਨਾ ਕਰਦੀ ਹੈ। ਕਹਾਣੀ ਵਿਚਲਾ ਪਾਤਰ ਵਿਵੇਕਸ਼ੀਲ ਕਿਸੇ ਅਖ਼ਬਾਰ ਵਿਚ ਬੀਟ ਕਰਾਈਮ 'ਤੇ ਕੰਮ ਕਰਦਾ ਹੈ। ਅਖਬਾਰ ਵਿਚ ਛਪੀ ਕਿਸੇ ਗਰੀਬ ਦੀ ਖੁਦਕੁਸ਼ੀ ਦੀ ਘਟਨਾ ਦਾ ਮੁੱਖ ਕਾਰਨ ਵਿਵੇਕਸ਼ੀਲ ਅਜੋਕੀ ਭੈੜੀ ਆਰਥਿਕ ਨੀਤੀਆਂ ਨੂੰ ਮੰਨਦਾ ਹੈ। ਮਹਿੰਗਾਈ ਦੇ ਦੌਰ ਵਿਚ ਆਮ ਗਰੀਬ ਵਿਅਕਤੀ ਦਾ ਗੁਜ਼ਾਰਾ ਦਿਨੋ-ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਗਰੀਬ ਵਿਅਕਤੀ ਮੁਸ਼ਕਿਲਾਂ ਦਾ ਹਲ ਖੁਦਕੁਸ਼ੀ ਨੂੰ ਮੰਨਦਾ ਹੈ। ਕਹਾਣੀ ਜਿੱਥੇ ਭੈੜੀ ਆਰਥਿਕਤਾ ਦੀ ਕੋਝੀ ਤਸਵੀਰ ਪੇਸ਼ ਕਰਦੀ ਹੈ ਉੱਥੇ ਪਾਤਰ ਵਿਵੇਕਸ਼ੀਲ ਦੇ ਬੋਲਾਂ ਵਿਚਲੀ ਸ਼ਬਦਾਵਲੀ 'ਨਿਊਜ਼', 'ਡੀਟੇਲ', 'ਖਬਰ', 'ਅਖਬਾਰਾਂ ਵਾਲੇ' ਆਦਿ ਕਿੱਤਾ ਅਧਾਰਿਤ ਭਾਸ਼ਾਈ ਵਖਰੇਵੇਂ ਨੂੰ ਸਾਕਾਰ ਕਰਦੇ ਹਨ।

**ਦਰਜ਼ੀ ਕਿੱਤੇ ਨਾਲ ਸੰਬੰਧਿਤ ਭਾਸ਼ਾ:**

ਧੀਰ ਦੀਆਂ ਕਹਾਣੀਆਂ ਨੂੰ ਜਦੋਂ ਸਮਾਜ ਭਾਸ਼ਾ ਵਿਗਿਆਨਕ ਪ੍ਰਤੀਮਾਨਾਂ ਅਨੁਸਾਰ ਵਾਚਦੇ ਹਾਂ ਤਾਂ ਦਰਜ਼ੀ ਕਿੱਤੇ ਨਾਲ ਸੰਬੰਧਿਤ ਵੀ ਭਾਸ਼ਾਈ ਵਖਰੇਵਾਂ ਸਾਕਾਰ ਹੁੰਦਾ ਹੈ। ਦਰਜ਼ੀ ਦਾ ਕਿੱਤਾ ਇਕ ਪਰੰਪਰਾਵਾਦੀ ਕਿੱਤਾ ਹੈ। ਲੇਖਕ ਦੀ ਆਪਣੀ ਜਾਤ ਵੀ ਛੀਂਬਾ ਹੈ ਜਿਸ ਅਧੀਨ ਸਰਮਾਏਦਾਰੀ ਸਮਾਜ ਵਿਚ ਅਸਮਾਨਤਾਵਾਂ ਕਾਰਣ ਪੈਦਾ ਹੋਈ ਹੀਣਤਾ ਦੀ ਭਾਵਨਾ ਨੂੰ ਬਾਖੂਬੀ ਪੇਸ਼ ਕੀਤਾ ਹੈ। 'ਕਮੀਣ' ਕਹਾਣੀ ਵਿਚ ਦਰਜ਼ੀ ਦੇ ਕਿੱਤੇ ਦੀ ਪੇਸ਼ਕਾਰੀ ਹੋਈ ਹੈ ਜਿਸ ਅਧੀਨ ਸੁੰਦਰ ਸਿੰਘ ਪਾਤਰ ਦਰ ਜ਼ੀ ਕਿੱਤੇ ਦੁਆਰਾ ਆਪਣੀ ਅਤੇ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਨੂੰ ਚਲਾਉਂਦਾ ਹੈ।

> "ਓ ਸੁੰਦਰਾ! ਮੇਰੇ ਚਾਦਰੇ ਨੂੰ ਲੜੀ....?" ਕੋਈ ਗੁਆਰ ਜੱਟ ਆਖਦਾ ਹੈ।
>
> "ਬਾਬਾ! ਮੇਰਾ ਡੋਰੀਏ ਦਾ ਜੈਂਪਰ.....? ਕੋਈ ਮੁਟਿਆਰ ਸ਼ਹਿਰਨਾਂ ਦੀ ਰੀਸ ਕਰਦੀ ਬੋਲਦੀ ਹੈ।
>
> "ਭਾਈ ਜੀ! ਮੇਰੇ ਘੱਗਰੇ ਦੀ ਲਾਉਣ........?" ਕੋਈ ਜੱਟੀ ਕਾਣੇ ਘੁੰਡ ਦੀ ਚੂਕ ਫੜ ਕੇ ਆਖਦੀ ਹੈ।[xiii]

**International Journal of Research in Social Sciences**
Vol. xIssue x, Month 201x,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

(ਪੰਨਾ 96, ਸਤਰ 7, ਕਮੀਣ)

'ਕਮੀਣ' ਕਹਾਣੀ ਪੇਂਡੂ ਸਮਾਜ ਦੀ ਮਾੜੀ ਆਰਥਿਕਤਾ ਨਾਲ ਸੰਬੰਧਿਤ ਹੈ। ਕਹਾਣੀ ਵਿਚ ਸੁੰਦਰ ਸਿੰਘ ਨਾਂ ਦਾ ਛੀਂਬਾ ਇਕ ਗਰੀਬ ਕਾਮਾ ਹੈ। 65 ਵਰ੍ਹਿਆਂ ਦਾ ਸੁੰਦਰ ਸਿੰਘ ਆਰਥਿਕ ਔਕੜਾਂ ਨਾਲ ਜੂਝਦਾ ਮੌਜੂਦਾ ਸਮਾਜਿਕ ਢਾਂਚੇ ਤੋਂ ਬਹੁਤ ਦੁਖੀ ਹੈ। ਉਸ ਨੂੰ ਆਜ਼ਾਦੀ ਤੋਂ ਪਹਿਲਾਂ ਤੇ ਪਿੱਛੇ ਦੇ ਸਮੇਂ ਦੌਰਾਨ ਆਪਣੀ ਸਥਿਤੀ ਵਿਚ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ, ਸਭ ਕੁਝ ਪਹਿਲਾਂ ਵਰਗਾ ਹੀ ਦਿਖਾਈ ਦਿੰਦਾ ਹੈ। ਸਰਮਾਏਦਾਰਾਂ ਵਲੋਂ ਕਮੀਣ ਆਖੇ ਜਾਣ ਕਾਰਨ ਸੁੰਦਰ ਸਿੰਘ ਹੀਣ ਭਾਵਨਾ ਅਧੀਨ ਆਪਣੇ ਆਪ ਨੂੰ ਨੀਵਾਂ ਸਮਝਦਾ ਹੈ। ਕਹਾਣੀ ਵਿਚ ਜਿੱਥੇ ਲੋਟੂ ਸਮਾਜ ਵਲੋਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਗੈਰ ਜੱਟ ਜਾਤਾਂ ਦੇ ਲੋਕਾਂ ਨੂੰ ਕਮੀਣ ਆਖ ਕੇ ਉਹਨਾਂ ਦੀ ਭਾਵਨਾਵਾਂ ਨੂੰ ਵੰਗਾਰਿਆ ਗਿਆ ਹੈ ਉੱਥੇ ਗਾਹਕਾਂ ਦੁਆਰਾ ਸੁੰਦਰ ਸਿੰਘ ਲਈ ਉਚਾਰੇ ਬੋਲ ਕਿੱਤਾ ਅਧਾਰਿਤ ਭਾਸ਼ਾਈ ਵੱਖਰਤਾ ਉਭਾਰਦੇ ਹਨ। 'ਚਾਦਰੇ ਦੀ ਲੜੀ', 'ਡੋਰੀਏ ਦਾ ਜੈਂਪਰ', 'ਘੱਗਰੇ ਦੀ ਲਾਉਣ' ਦਰਜ਼ੀ ਦੇ ਕਿੱਤੇ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਸਾਕਾਰ ਕਰਦੇ ਹਨ।

> "ਹੁਣ ਤੂੰ ਹੀ ਦੱਸ, ਮਸ਼ੀਨ ਛਡ ਕੇ ਮੇਰਾ ਪੂਰਾ ਪੈਂਦੇ? ਮਸ਼ੀਨ ਤਾਂ ਮੜ੍ਹੀਆਂ ਪੈਣ ਲਗੋ ਭਾਵੇ ਛਡ ਹੋਵੇ।" ਉਹਦੀ ਮਜ਼ਬੂਰੀ ਬੋਲ ਪੈਂਦੀ।[xiv]

(ਪੰਨਾ 100, ਸਤਰ 11, ਕਮੀਣ)

ਦਿਨ ਭਰ ਸਖਤ ਮਿਹਨਤ ਕਰਨ ਦੇ ਬਾਵਜੂਦ ਵੀ ਸੁੰਦਰ ਸਿੰਘ ਦੀ ਆਰਥਿਕ ਹਾਲਤ ਤਰਸਯੋਗ ਹੈ। ਲੋਕਾਂ ਲਈ ਤਾਂ ਨਵੇਂ-ਨਵੇਂ ਫੈਸਨਾਂ ਦੇ ਕੱਪੜੇ ਸਿਉਂਦਾ ਹੈ ਪਰ ਆਪ ਫਟੇ ਪੁਰਾਣੇ ਕੱਪੜਿਆਂ ਨਾਲ ਦਿਨ ਕਟੀ ਕਰ ਰਿਹਾ ਹੈ। ਸੁੰਦਰ ਸਿੰਘ ਆਪਣੀ ਮਾੜੀ ਆਰਥਿਕ ਹਾਲਤ ਨੂੰ ਗਾਹਕ ਅੱਗੇ ਬਿਆਨਦਾ ਹੈ। ਕੱਪੜੇ ਸਿਊਣ ਵਾਲੀ ਮਸ਼ੀਨ ਹੀ ਸੁੰਦਰ ਸਿੰਘ ਲਈ ਰੋਜ਼ੀ-ਰੋਟੀ ਕਮਾਉਣ ਦਾ ਮੁੱਖ ਜ਼ਰੀਆ ਹੈ। ਉਪਰੋਕਤ ਵਾਰਤਾਲਾਪ ਅਧੀਨ ਸੁੰਦਰ ਸਿੰਘ ਦਾ ਕਿੱਤਾ ਭਾਸ਼ਾਈ ਵਖਰੇਵਿਆਂ ਦਾ ਸੂਚਕ ਬਣਦਾ ਹੈ।

**ਲਲਾਰੀ ਕਿੱਤੇ ਨਾਲ ਸੰਬੰਧਿਤ ਭਾਸ਼ਾ:**

ਹਰੇਕ ਕਿੱਤੇ ਦੀ ਆਪਣੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ ਜੋ ਉਸ ਵਿਚ ਸ਼ਾਮਲ ਲੋਕਾਂ ਦੀ ਭਾਸ਼ਾ ਨੂੰ ਵਿਸ਼ੇਸ਼ ਰੰਗਣ ਦਿੰਦੀ ਹੈ। ਹੇਠਾਂ ਉਚਾਰੀ ਵਾਰਤਾਲਾਪ ਅਧੀਨ ਲਲਾਰੀ ਕਿੱਤੇ ਦੀ ਪੇਸ਼ਕਾਰੀ ਹੋਈ ਹੈ।

**International Journal of Research in Social Sciences**
Vol. xIssue x, Month 201x,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

"ਸ਼ਮਸ਼ੂ! ਐ ਚੁੰਨੀ ਐ ਮੇਰੀ, ਤੇ ਐਹ ਪੱਗ ਸਰਦਾਰ ਜੀ ਦੀ।"

"ਆਇਆ ਬਾ ਜੀ! ਸੁੱਟ ਦਿਓ1"

ਜਿਹੜੇ ਰੰਗ ਦੱਸੇ ਜਾਣੇ, ਉਹ ਰੰਗ ਕੇ ਉੱਪਰ ਦੇ ਆਉਣੇ।[xv]

(ਪੰਨਾ 30, ਸਤਰ 10, ਸ਼ਮਸ਼ੂ ਲਲਾਰੀ ਦੇ ਤਿੰਨ ਰੁਪਏ)

"ਨਹੀਂ ਬਾ ਜੀ ਨਾਲ ਦੀ ਨਾਲ ਦੀ ਮੈਨੂੰ ਏਨੀ ਲੋੜ ਨਹੀਂ। ਨਾਲ ਦੀ ਨਾਲ ਮੈਨੂੰ ਹੋਰਾਂ ਗਾਹਕਾਂ ਕੋਲੋ ਮਿਲ ਜਾਂਦੇ ਨੇ। ਤੁਸੀਂ ਮੈਨੂੰ ਜਦੋਂ ਇਕਠੇ ਦਸ ਰੁਪਏ ਬਣ ਜਾਣ , ਉਦੋਂ ਹੀ ਦੇ ਦਿਆ ਕਰੋ। ਇਉਂ ਇਕੱਠੇ ਦਸਾਂ ਨਾਲ ਬਰਕਤ ਜਿਹੀ ਵੀ ਰਹਿੰਦੀ ਏ।"[xvi]

(ਪੰਨਾ 30, ਸਤਰ 23, ਸ਼ਮਸ਼ੂ ਲਲਾਰੀ ਦੇ ਤਿੰਨ ਰੁਪਏ)

ਕਹਾਣੀ 'ਸ਼ਮਸ਼ੂ ਲਲਾਰੀ ਦੇ ਤਿੰਨ ਰੁਪਏ ' ਦੇਸ਼ ਵੰਡ ਨਾਲ ਸੰਬੰਧਿਤ ਲੋਕਾਂ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਦੀ ਹੈ। 1947 ਦਾ ਸਾਲ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਸਾਲ ਵਜੋਂ ਪ੍ਰਵਾਨ ਕੀਤਾ ਗਿਆ ਹੈ। ਇਸ ਸਮੇਂ ਸਦੀਆਂ ਤੋਂ ਇਕੱਠੀ ਚਲੀ ਆ ਰਹੀ ਸਾਂਝੀ ਸੰਸਕ੍ਰਿਤੀ ਦੇ ਦੋ ਹਿੱਸੇ ਕਰ ਦਿੱਤੇ ਗਏ। ਦੇਸ਼ ਵੰਡ ਤੋਂ ਪਹਿਲਾਂ ਸਵਰਨ ਕੌਰ ਦਾ ਪਤੀ ਲਾਹੌਰ ਵਿਚ ਪੰਜਾਬ ਦੇ ਨਹਿਰੀ ਮਹਿਕਮੇ ਵਿਚ ਸਰਕਾਰੀ ਕਰਮਚਾਰੀ ਵਜੋਂ ਨਿਯੁਕਤ ਸੀ। ਲਾਹੌਰ ਵਿਚ ਸਵਰਨ ਕੌਰ ਦੀ ਰਿਹਾਇਸ਼ ਨੇੜੇ ਸ਼ਮਸ਼ੂ ਲਲਾਰੀ ਦੀ ਦੁਕਾਨ ਸੀ। ਸ਼ਮਸ਼ੂ ਸਵਰਨ ਕੌਰ ਨੂੰ ਆਪਣੀ ਵੱਡੀ ਭੈਣ ਵਾਂਗ ਸਮਝਦਾ ਸੀ। ਵੰਡ ਦੌਰਾਨ ਸਵਰਨ ਕੌਰ ਆਪਣੇ ਪਤੀ ਸਮੇਤ ਚੰਡੀਗੜ੍ਹ ਵਿਚ ਆ ਕੇ ਵਸ ਗਈ। ਸੱਠ ਵਰ੍ਹਿਆਂ ਮਗਰੋਂ ਵੀ ਸਵਰਨ ਕੌਰ ਪਾਕਿਸਤਾਨ ਵਿਚ ਰਹਿੰਦੇ ਸ਼ਮਸ਼ੂ ਨਾਲ ਪਿਆਰ ਅਤੇ ਹਮਦਰਦੀ ਦੀ ਸਾਂਝ ਪਾਈ ਬੈਠੀ ਹੈ। ਚੰਡੀਗੜ੍ਹ ਰਹਿੰਦੀ ਸਵਰਨ ਕੌਰ ਸ਼ਮਸ਼ੂ ਲਲਾਰੀ ਦੇ ਤਿੰਨ ਰੁਪਏ ਜੋ ਵੰਡ ਤੋਂ ਪਹਿਲਾਂ ਬਕਾਏ ਵਜੋਂ ਰਹਿੰਦੇ , ਨੂੰ ਸਣੇ ਵਿਆਜ ਮੋੜ ਦਿੰਦੀ ਹੈ। ਦੇਸ਼ ਵੰਡ ਦੌਰਾਨ ਜਿੱਥੇ ਧਰਮ ਦੀ ਆੜ ਲੈ ਕੇ ਮਨੁੱਖਤਾ ਦਾ ਘਾਣ ਹੋਇਆ ਹੈ ਉੱਥੇ ਕਹਾਣੀ ਸਿੱਖ ਧਰਮ ਦੀ ਸਵਰਨ ਕੌਰ ਅਤੇ ਮੁਸਲਿਮ ਧਰਮ ਦੇ ਸ਼ਮਸ਼ੂ ਦੇ ਆਪਸੀ ਪਿਆਰ, ਸਾਂਝੀਵਾਲਤਾ ਦੀ ਮਾਨਸਿਕਤਾ ਨੂੰ ਸਿਰਜਦੀ ਹੈ। ਸ਼ਮਸ਼ੂ ਦੁਆਰਾ ਉਚਾਰੇ ਬੋਲਾਂ ਵਿਚ 'ਚੁੰਨੀ', 'ਪੱਗ', 'ਰੰਗ', 'ਰੰਗ ਕੇ', 'ਗਾਹਕ' ਆਦਿ ਸ਼ਬਦ ਲਲਾਰੀ ਕਿੱਤੇ ਦੀ ਭਾਸ਼ਾਈ ਵਖਰਤਾ ਨੂੰ ਸਾਕਾਰ ਕਰਦੇ ਹਨ।

**ਪੁਲਿਸ ਕਿੱਤੇ ਨਾਲ ਸੰਬੰਧਿਤ ਭਾਸ਼ਾ**

ਭਾਸ਼ਾ ਦਾ ਅਲੱਗ-ਅਲੱਗ ਸਥਿਤੀ ਦੇ ਮੁਤਾਬਿਕ ਪ੍ਰਯੋਗ ਹੁੰਦਾ ਹੈ ਅਤੇ ਇਹ ਪਰਿਵਰਤਨ ਕਿੱਤੇ ਦੇ ਮੁਤਾਬਿਕ ਹੁੰਦਾ ਹੈ। ਪੁਲਿਸ ਦਾ ਕਿੱਤਾ ਗੈਰ-ਪਰੰਪਰਾਵਾਦੀ ਕਿੱਤਾ ਹੈ।

> "ਟਾਹ ਓਏ ਮੁਕੰਦਿਆਂ ਇਹਨੂੰ ਗੁਤੋ ਫੜ ਕੇ ਚਾਮਚੜਿੱਕ ਜੇਹੀ ਨੂੰ ਐਵੇ -ਨਹੀਂ ਇਹ ਸਮਝਣ ਲੱਗੀ ਸੂਰ ਦੀ ਬੱਚੀ -ਬਦਮਾਸ਼ ਕਿਸੇ ਜਗ੍ਹਾ ਦੀ -ਖੜੀ ਕਿਵੇਂ ਐ ਛਾਤੀ ਕੱਢ ਕੇ ........ ਐਡੀ ਸ਼ਰਮਾਂ ਵਾਲੀ ਹੋਵੇ ਤਾਂ ਪੁਲਿਸ ਨਾਲ ਮੱਥਾ ਲਾਵੇ।"[xvii]

(ਪੰਨਾ 36, ਸਤਰ 28, ਗਊਆਂ)

'ਗਊਆਂ' ਕਹਾਣੀ ਪੇਂਡੂ ਲੋਕਾਂ ਉਪਰ ਪੁਲਿਸ ਦੁਆਰਾ ਕੀਤੇ ਜਾਂਦੇ ਤਸ਼ਦਦ ਨੂੰ ਬਿਆਨਦੀ ਹੈ। ਕਿਸਾਨ ਸਭਾਵਾਂ ਦੁਆਰਾ ਜਾਗਰੂਕ ਕੀਤੇ ਗਏ ਲੋਕ, ਸਰਕਾਰ ਨੂੰ ਵਾਧੂ ਕਰ ਤੇ ਜੁਰਮਾਨਾਂ ਆਦਿ ਦੇਣ ਤੋਂ ਇਨਕਾਰੀ ਹਨ। ਪੁਲਿਸ ਜ਼ਬਰਦਸਤੀ ਉਹਨਾਂ ਤੋਂ ਜੁਰਮਾਨੇ ਵਸੂਲਣ ਦਾ ਯਤਨ ਕਰਦੀ ਹੈ। ਕਿਸਾਨ ਸਭਾਵਾਂ ਦੁਆਰਾ ਪਿੰਡਾਂ ਦੇ ਲੋਕ ਕਾਫ਼ੀ ਜਾਗਰੂਕ ਹੋ ਚੁਕੇ ਹਨ। ਸਿੱਟੇ ਵਜੋਂ ਲੋਕਾਂ ਵਲੋਂ ਪੁਲਿਸ ਦਾ ਮੁਕਾਬਲਾ ਕੀਤਾ ਜਾਂਦਾ ਹੈ। ਪੇਂਡੂ ਔਰਤਾਂ ਵੀ ਪੁਲਿਸ ਵਲੋਂ ਕੀਤੀ ਜਾਂਦੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਦੀਆਂ। ਪਿੰਡ ਦੀ ਇਕ ਮੁਟਿਆਰ ਵਲੋਂ ਪੁਲਿਸ ਦਾ ਡੱਟਵਾਂ ਵਿਰੋਧ ਕੀਤਾ ਜਾਂਦਾ ਹੈ ਅੱਗੋਂ ਪੁਲਿਸ ਵਲੋਂ ਜਵਾਬਦੇਹੀ ਵਿਚ ਵਰਤੀ ਗਈ ਭਾਸ਼ਾ 'ਗੁੱਤੋ ਫੜ ਕੇ', 'ਚਾਮਚੜਿੱਕ', 'ਸੂਰ ਦੀ ਬੱਚੀ', 'ਬਦਮਾਸ਼' ਆਦਿ ਕਿੱਤਾ ਅਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਸਾਕਾਰ ਕਰਦੀ ਹੈ।

**ਆਵਾਜਾਈ ਦੇ ਸਾਧਨਾਂ ਨਾਲ ਸੰਬੰਧਿਤ ਭਾਸ਼ਾ:**

ਕਹਾਣੀਆਂ ਵਿਚਲੇ ਪਾਤਰਾਂ ਦਾ ਜਿਸ ਤਰ੍ਹਾਂ ਦਾ ਕਿੱਤਾ ਹੈ ਉਸ ਤਰ੍ਹਾਂ ਦੀ ਸ਼ਬਦਾਵਲੀ ਹੀ ਉਹਨਾਂ ਦੇ ਰੋਜ਼ਾਨਾ ਜ਼ਿੰਦਗੀ ਦੇ ਵਾਰਤਾਲਾਪ ਦਾ ਹਿੱਸਾ ਬਣ ਜਾਂਦੀ ਹੈ। ਪਾਤਰਾਂ ਦੁਆਰਾ ਸਹਿਜ ਸੁਭਾਅ ਹੀ ਅਜਿਹੇ ਸ਼ਬਦ ਵਰਤੇ ਜਾਂਦੇ ਹਨ ਜੋ ਉਹਨਾਂ ਲਈ ਉਪਰੇ ਨਹੀਂ ਹੁੰਦੇ ਸਗੋਂ ਉਹਨਾਂ ਦੁਆਰਾ ਰੋਜ਼ਾਨਾ ਵਰਤੇ ਜਾਂਦੇ ਹਨ।

> "ਕੀ ਗੱਲ ਐ ਅਮਲੀਆ, ਘੋੜਾ ਤੇਰਾ ਮੁਸ਼ਕਿਆ ਫਿਰਦੈ?"
> ਅਗੋਂ ਕਿਸੇ ਨੇ ਮਖੌਲ ਨਾਲ ਆਖਿਆ। ਉਹ ਵੀ ਅਗੋਂ ਫਿਰ ਤਾਂਗੇ
> ਵਾਲਾ ਸੀ, ਲਟਕ ਨਾਲ ਬੋਲਿਆ, "ਓ ਜੀ ਤੁਸੀਂ ਜਾਣਦੇ ਈ ਓ
> ਪਿਆਰਿਓ-ਹਾਣ ਨੂੰ ਹਾਣ ਪਿਆਰਾ ਹੁੰਦੈ.....।"[xviii]

(ਪੰਨਾ 19, ਸਤਰ 5, ਜੋੜੀਆਂ ਜੱਗ ਥੋੜੀਆਂ)

'ਜੋੜੀਆਂ ਜੱਗ ਥੋੜੀਆਂ' ਕਹਾਣੀ ਪੇਂਡੂ ਸਮਾਜ ਦੀ ਮਾੜੀ ਆਰਥਿਕਤਾ ਨੂੰ ਬਿਆਨਦੀ ਹੈ। ਆਰਥਿਕ ਮਜ਼ਬੂਰੀ ਅਧੀਨ ਮਾਪੇ ਆਪਣੀਆਂ ਧੀਆਂ ਦਾ ਵਿਆਹ ਵਡੇਰੀ ਉਮਰ ਦੇ ਬੰਦਿਆਂ ਨਾਲ ਕਰ ਦਿੰਦੇ ਹਨ। ਤਾਂਗੇ

ਵਿਚ ਸਵਾਰ ਇਕ ਮੁਟਿਆਰ ਆਪਣੇ ਪਤੀ ਨਾਲ, ਜੋ ਪੰਜਾਹ ਕੁ ਵਰ੍ਹਿਆਂ ਦਾ ਹੈ ਨਾਲ ਆਪਣੇ ਪਿੰਡ ਨੂੰ ਜਾ ਰਹੀ ਹੈ। ਤਾਂਗੇ ਵਿਚ ਸਾਹਮਣੇ ਇਕ ਨੌਜਵਾਨ ਗੱਭਰੂ ਵੀ ਬੈਠਾ ਹੈ। ਗੱਭਰੂ ਦੇ ਪ੍ਰਤੀ ਮੁਟਿਆਰ ਦੇ ਮਨ ਵਿਚ ਪਿਆਰ ਦੀਆ ਭਾਵਨਾਵਾਂ ਪੈਦਾ ਹੁੰਦੀਆਂ ਹਨ। ਕਹਾਣੀ ਵਿਚ ਘੋੜਾ ਇ ਕ ਚਿੰਨ੍ਹ ਵਜੋਂ ਪੇਸ਼ ਹੋਇਆ ਹੈ ਉਪਰੋਕਤ ਵਾਰਤਾਲਾਪ ਅਧੀਨ ਘੋੜੇ ਦੀ ਚੰਚਲਤਾ, ਜਵਾਨੀ ਅਵਸਥਾ ਨੂੰ ਤਾਂਗਾ ਚਾਲਕ ਤਾਂਗੇ ਵਿਚ ਸਵਾਰ ਮੁਟਿਆਰ ਨਾਲ ਜੋੜ ਕੇ ਮਸ਼ਕਰੀ ਕਰਦਾ ਹੈ। ਉਸਦੀ ਮਾਨਸਿਕ ਭਾਵਨਾਵਾਂ ਨੂੰ ਉਭਾਰਦਾ ਪ੍ਰਤੀਤ ਹੁੰਦਾ ਹੈ। ਕਹਾਣੀ ਵਿਚ ਸਮਾਜਿਕ ਬੁਰਾਈ, ਮੁਟਿਆਰ ਦਾ ਬੁੱਢੇ ਨਾਲ ਵਿਆਹੇ ਜਾਣ ਨੂੰ ਸਾਹਮਣੇ ਲਿਆਉਂਦਾ ਗਿਆ ਹੈ। ਤਾਂਗਾ ਚਾਲਕ ਸਮਾਜ ਦੀਆਂ ਕੋਝੀਆਂ ਨੀਤੀਆਂ ਤੇ ਟਕੋਰ ਕਰ ਰਿਹਾ ਹੈ। ਦੂਜੇ ਪਾਸੇ ਤਾਂਗਾ ਚਾਲਕ ਘੋੜੇ ਨੂੰ ਹੋਰ ਹੱਲਾਸ਼ੇਰੀ ਨਾਲ ਚਲਾਉਂਦਾ ਹੈ, ਜਿਸ ਨਾਲ ਕਿੱਤਾ ਸੂਚਕ ਭਾਸ਼ਾਈ ਸ਼ਬਦਾਵਲੀ ਉਤਪੰਨ ਹੁੰਦੀ ਹੈ।

"ਘੋੜਾ ਤੇਰਾ ਚਤੰਨ ਬੜੈ ਬਾਰੂ ਟਪੂੰ-ਟਪੂੰ ਕਰਦਾ ਰਹਿੰਦੈ।"

ਫੜੀ ਵਾਲੇ ਨੇ ਆਖਿਆ।

"ਲਬਾਸ ਤਾਂ ਦੇਖ ਤੂੰ-ਪਿੰਡੇ ਉਤੇ ਮੱਖੀ ਤਿਲ੍ਹਕਦੀ ਐ-

ਪੁਤਾਂ ਆਂਗਣ ਸੇਵਾ ਕਰੀਦੀ ਐ ਨਥਿਆ।"

"ਪਸ਼ੂ ਬਚਦਾ ਵੀ ਤਾਹੀ ਐ।" ਨੱਥੂ ਨੇ ਯਕੀਨ ਨਾਲ ਕਿਹਾ।[xix]

(ਪੰਨਾ 26, ਸਤਰ 14, ਕੋਈ ਇਕ ਸਵਾਰ)

'ਕੋਈ ਇਕ ਸਵਾਰ' ਕਹਾਣੀ ਵਿਚ ਬਾਰੂ ਤਾਂਗਾ ਚਾਲਕ ਹੈ। ਬਾਰੂ ਨੂੰ ਆਪਣੀ , ਆਪਣੇ ਟੱਬਰ ਦੀ , ਆਪਣੇ ਘੋੜੇ ਦੀ ਰੋਜ਼ੀ ਕਮਾਉਣ ਦਾ ਫਿਕਰ ਹੈ। ਮਾੜੀ ਆਰਥਿਕਤਾ ਦਾ ਸ਼ਿਕਾਰ ਬਾਰੂ ਤਾਂਗੇ ਨੂੰ ਭਰਨ ਲਈ ਹਰ ਆਉਂਦੇ ਜਾਂਦੇ ਰਾਹੀਂ ਦਾ ਮਨ ਟੋਹਦਾ ਹੈ। ਉਹ ਇਕ ਹੋਰ ਤਾਂਗੇ ਵਾਲੇ ਕੁੰਦਨ ਨਾਲ ਵੀ ਸਵਾਰੀਆਂ ਪਿੱਛੇ ਲੜ ਪੈਂਦਾ ਹੈ। ਬਾਰੂ ਇਕ -ਇਕ ਕਰਕੇ ਸਵਾਰੀਆਂ ਇਕੱਠੀਆਂ ਕਰ ਲੈਂਦਾ ਹੈ ਪਰੰਤੂ ਜਦੋਂ ਬੱਸ ਆਉਂਦੀ ਹੈ ਤਾਂ ਸਾਰੀਆਂ ਸਵਾਰੀਆਂ ਉੱਤਰ ਕੇ ਬੱਸ ਵਿਚ ਜਾ ਚੜ੍ਹਦੀਆਂ ਹਨ। ਆਧੁਨਿਕ ਦੌਰ ਦੇ ਤਕਨੀਕੀ ਯੁੱਗ ਵਿਚ ਬੱਸਾਂ ਜਿੱਥੇ ਸੁੱਖ ਦਾ ਸਾਧਨ ਹਨ, ਉੱਥੇ ਬਾਰੂ ਵਰਗੇ ਤਾਂਗੇ ਵਾਲਿਆਂ ਦੇ ਕਿੱਤੇ ਨੂੰ ਠਲ੍ਹ ਵੀ ਪਾਉਂਦੀਆਂ ਹਨ। ਬਾਰੂ ਵਲੋਂ ਘੋੜੇ ਦੀ

**International Journal of Research in Social Sciences**
Vol. xIssue x, Month 201x,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਸੇਵਾ ਵੀ ਆਪਣੇ ਧੀਆਂ -ਪੁੱਤਾਂ ਵਾਂਗ ਕੀਤੀ ਜਾਂਦੀ ਹੈ। ਬਾਰੂ ਵਲੋਂ ਘੋੜੇ ਦੀ ਸਿਫ਼ਤ ਵਿਚ ਕਹੇ ਸ਼ਬਦ ਕਿੱਤਾ ਅਧਾਰਿਤ ਭਾਸ਼ਾਈ ਵਖਰੇਵਿਆਂ ਨੂੰ ਸਾਕਾਰ ਕਰਦੇ ਹਨ।

"ਘੋੜਾ ਕਦੇ ਕਦੇ ਨਹੂੰ ਲੈਂਦੇ ਲਾਲਾ ਜੀ, ਮੈਂ ਕਹਿਨਾਂ
ਦੁੜਕੀ ਨਾ ਹੀ ਪਾਈਏ, ਟਿਕਵਾਂ-ਟਿਕਵਾਂ ਠੀਕ ਐ-ਰੇਵੀਆ ਚਾਲ।"[xx]

(ਪੰਨਾ 12, ਸਤਰ 11, ਲੁਟੇਰੇ)

'ਲੁਟੇਰੇ' ਕਹਾਣੀ ਸਰਮਾਏਦਾਰੀ ਪ੍ਰਬੰਧ ਵਿਚ ਫੈਲੀ ਹੋਈ ਅੰਨ੍ਹੀ ਲੁੱਟ ਨੂੰ ਪੇਸ਼ ਕਰਦੀ ਹੈ ਜਿਸ ਵਿਚ ਦੀਨਾ ਮਰਾਸੀ ਤਾਂਗਾਂ ਚਲਾ ਕੇ ਸਾਰੀ ਉਮਰ ਸਖ਼ਤ ਮਿਹਨਤ ਕਰਦਾ ਹੈ ਪਰੰਤੂ ਫਿਰ ਵੀ ਦੋ ਵਕਤ ਦੀ ਰੋਟੀ ਭਰ ਪੇਟ ਨਸੀਬ ਨਹੀਂ ਹੁੰਦੀ। ਆਰਥਿਕ ਸੰਕਟ ਕਾਰਨ ਉਹ ਆਪਣਾ ਕਿੱਤਾ ਚਲਦਾ ਰੱਖਣ ਲਈ ਸਾਹੂਕਾਰਾਂ ਦੀਆਂ ਗਾਲ੍ਹਾਂ ਤੋਂ ਵੀ ਨਹੀਂ ਡਰਦਾ। ਦੀਨੇ ਵਲੋਂ ਘੋੜੇ ਦੀ ਚਾਲ ਧੀਮੀ ਕਰਨ ਲਈ ਲਾਲਾ ਜੀ ਦੀ ਹਾਮੀ ਭਰਵਾਈ ਜਾਂਦੀ ਹੈ। ਆਪਣੀ ਮਸਤੀ ਵਿਚ ਚਲਦਾ ਘੋੜਾ ਇਕ ਦਮ ਤੇਜ਼ ਹੋ ਜਾਂਦਾ ਹੈ। ਦੀਨੇ ਵਲੋਂ ਉਸਦੀ ਚਾਲ ਨੂੰ ਟਿਕਵੀਂ ਰੱਖਣ ਲਈ ਦੁੜਿਕੀ ਨਾਲ ਪਾਉਣ ਦੀ ਤਰਜ਼ੀਹ ਦਿੱਤੀ ਜਾਂਦੀ ਹੈ। ਰੇਵੀਆ ਚਾਲ ਤੋਂ ਭਾਵ ਅਜਿਹੀ ਚਾਲ ਤੋਂ ਜੋ ਧੀਮੀ ਗਤੀ ਵਿਚ ਚਲਦੀ ਹੈ ਅਤੇ ਟਿਕਵੀਂ ਚਾਲ ਵੀ ਅਜਿਹੀ ਚਾਲ ਨਾਲ ਸੰਬੰਧਿਤ ਹੈ। ਉਪਰੋਕਤ ਵਾਰਤਾਲਾਪ ਅਧੀਨ ਆਏ ਸ਼ਬਦ 'ਨਹੂੰ ਲੈਂਦਾ', 'ਦੁੜਕੀ ਪਾਉਣੀ', 'ਟਿਕਵਾਂ-ਟਿਕਵਾਂ', 'ਰੇਵੀਆ ਚਾਲ' ਆਦਿ ਘੋੜੇ ਦੀ ਧੀਮੀਂ-ਧੀਮੀਂ ਚਾਲ ਨਾਲ ਸੰਬੰਧਿਤ ਹਨ। ਇਸ ਸਮੇਂ ਦੀਨਾ ਕਿੱਤਾ ਆਧਾਰਿਤ ਭਾਸ਼ਾਈ ਵਖਰੇਵਿਆਂ ਦਾ ਸੂਚਕ ਬਣਦਾ ਹੈ।

"ਆ ਗਿਆ ਕਰਤਾਰਾ ਬਈ-ਆਪਣਾ ਤਾਂਗਾ ਜੋੜ ਕੇ।"
"ਚਲ ਕਰਤਾਰੇ ਦੇ ਤਾਂਗੇ ਵਿਚ! ਆ ਗਿਆ ਹਵਾਈ ਜਹਾਜ ਤੇ ਬੰਬੂਕਾਟ ਕਰਤਾਰੇ ਦਾ!"
"ਆਹ ਕੀਹਦਾ ਤਾਂਗਾ ਜਾਂਦੈ ਬਈ?"
"ਕਰਤਾਰੇ ਤਾਂਗੇ ਵਾਲੇ ਦਾ।"[xxi]

(ਪੰਨਾ 20, ਸਤਰ 19, ਕਰਤਾਰਾ ਤਾਂਗੇ ਵਾਲਾ)

'ਕਰਤਾਰਾ ਤਾਂਗੇ ਵਾਲਾ ' ਕਹਾਣੀ ਕਰਤਾਰੇ ਦੀ ਮਾੜੀ ਆਰਥਿਕਤਾ ਨੂੰ ਉਲੀਕਦੀ ਹੈ। ਮਾੜੀ ਆਰਥਿਕਤਾ ਕਾਰਨ ਕਰਤਾਰਾ ਛੜਾ ਰਹਿ ਜਾਂਦਾ ਹੈ। ਘਰ ਵਿਚ ਤੀਵੀਂ ਦੀ ਅਣਹੋਂਦ ਤੋਂ ਦੁਖੀ ਕਰਤਾਰਾ ਮੁੱਲ ਦੀ ਤੀਵੀਂ ਨੂੰ ਪਤਨੀ ਬਣਾ ਕੇ ਘਰ ਲੈ ਆਉਂਦਾ ਹੈ ਜਿਹੜੀ ਹਰ ਮੁਸੀਬਤ ਵਿਚ ਕਰਤਾਰੇ ਦਾ ਸਾਥ ਦਿੰਦੀ ਹੈ। ਜਦੋਂ

ਕਰਤਾਰਾ ਬੀਮਾਰ ਹੋ ਜਾਂਦਾ ਹੈ ਤਾਂ ਉਹ ਆਪ ਤਾਂ ਗਾ ਚਲਾਉਣ ਲੱਗ ਜਾਂਦੀ ਹੈ ਜਿਸ ਅਧੀਨ ਘਰ ਦਾ ਗੁਜ਼ਾਰਾ ਚਲ ਸਕੇ। ਸਵਾਰੀਆਂ ਦੇ ਲਾਲਚ ਅਧੀਨ ਦੁਲਾਰੀ ਵਲੋਂ ਤਾਂਗਾ ਵੀ ਤੇਜ਼ ਰਫ਼ਤਾਰ ਵਿਚ ਚਲਾਇਆ ਜਾਂਦਾ ਹੈ ਜਿਸ ਕਰਕੇ ਲੋਕਾਂ ਵਲੋਂ ਦੁਲਾਰੀ ਦੇ ਤਾਂਗੇ ਨੂੰ 'ਹਵਾਈ ਜਹਾਜ਼' ਤੇ 'ਬੰਬੂਕਾਟ' ਨਾਲ ਤੁਲਨਾਇਆ ਜਾਂਦਾ ਹੈ। ਹਿੰਮਤ ਤੇ ਦਲੇਰੀ ਸਕਦਾ ਦੁਲਾਰੀ ਵਲੋਂ ਅੱਡੇ ਵਿਚ ਖੜ ਕੇ ਹੋਕੇ ਦੇਣਾ ਕਿੱਤਾ ਅਧਾਰਿਤ ਭਾਸ਼ਾਈ ਵਖਰਤਾ ਨੂੰ ਸਾਕਾਰ ਕਰਦੇ ਹਨ।

ਇਸ ਪ੍ਰਕਾਰ ਉਪਰੋਕਤ ਕਹਾਣੀਆਂ ਵਿਚ ਵੱਖ -ਵੱਖ ਕਿੱਤਿਆਂ ਨਾਲ ਸੰਬੰਧਿਤ ਭਾਸ਼ਾਈ ਵਖਰੇਵੇਂ ਦ੍ਰਿਸ਼ਟੀਗੋਚਰ ਹੋਏ ਹਨ। ਇਸ ਤੋਂ ਪਹਿਲਾਂ ਖੋਜਕਾਰ ਵਲੋਂ ਵੀ ਪੇਸ਼ ਕੀਤੇ ਜਾ ਚੁਕੇ ਸਲਾਨਾ ਖੋਜ ਪੱਤਰਾਂ ਅਧੀਨ ਧੀਰ ਦੀਆਂ ਕਹਾਣੀਆਂ ਵਿਚ ਪ੍ਰਾਪਤ ਸਮਾਜਿਕ ਪ੍ਰਤੀਮਾਨਾਂ ਅਨੁਸਾਰ ਵੰਡ ਕੀਤੀ ਜਾ ਚੁਕੀ ਹੈ। ਕਿੱਤੇ ਅਧਾਰਿਤ ਕੀਤੀ ਵੰਡ ਦਾ ਇਹ ਪਹਿਲਾ ਯਤਨ ਹੈ ਜਿਸ ਵਿਚ ਪਰੰਪਰਾਵਾਦੀ ਤੇ ਗੈਰ-ਪਰੰਪਰਾਵਾਦੀ ਦੋਵੇਂ ਤਰ੍ਹਾਂ ਦੇ ਕਿੱਤਿਆਂ ਦੀ ਪੇਸ਼ਕਾਰੀ ਹੋਈ ਹੈ। ਪੰਜਾਬੀ ਸਮਾਜ ਦਾ ਮੁੱਖ ਪਰੰਪਰਾਵਾਦੀ ਕਿੱਤਾ ਖੇਤੀਬਾੜੀ ਹੈ ਜਿਸ ਨਾਲ ਸਮਾਜਿਕ ਅਰਥਚਾਰਾ ਜੁੜਿਆ ਹੋਇਆ ਹੈ। ਧੀਰ ਦੀਆਂ ਜ਼ਿਆਦਾ ਕਹਾਣੀਆਂ ਪੇਂਡੂ ਸਮਾਜ ਨਾਲ ਸੰਬੰਧਿਤ ਹਨ ਜਿਸ ਵਿਚ ਮੁੱਖ ਤੌਰ ਤੇ ਖੇਤੀਬਾੜੀ ਕਿੱਤੇ ਦੀ ਪੇਸ਼ਕਾਰੀ ਹੋਈ ਹੈ ਪਰੰਤੂ ਅਜੋਕੇ ਦੌਰ ਵਿਚ ਪਰੰਪਰਾਵਾਦੀ ਕਿੱਤੇ ਦੇ ਨਾਲ ਗੈਰ-ਪਰੰਪਰਾਵਾਦੀ ਕਿੱਤੇ ਜ਼ਿਆਦਾ ਪ੍ਰਚਲਤ ਹੋ ਗਏ ਹਨ। ਹੱਥਲੇ ਖੋਜ ਪੱਤਰ ਦਾ ਮੰਤਵ ਧੀਰ ਦੀਆਂ ਕਹਾਣੀਆਂ ਵਿਚਲੇ ਪਾਤਰਾਂ ਦਾ ਸਮਾਜਿਕ ਪ੍ਰਤਿਮਾਨਾਂ ਅਧੀਨ ਪਰੰਪਰਾਵਾਦੀ ਤੇ ਗੈਰ-ਪਰੰਪਰਾਵਾਦੀ ਕਿੱਤਿਆਂ ਨੂੰ ਅਧਾਰ ਬਣਾ ਕੇ ਭਾਸ਼ਾਈ ਵਿਸ਼ਲੇਸ਼ਣ ਕਰਨਾ ਸੀ ਜਿਸ ਵਿਚ ਖੋਜ ਉਪਰੰਤ ਪੂਰਨ ਸਫ਼ਲਤਾ ਪ੍ਰਾਪਤ ਹੋਈ ਹੈ।

# ਹਵਾਲੇ

---

i Cohen, Marcel, *Language : Its Structure and Education*, Souvenir Press Ltd., London, 1970, P-28

ii Pride, J.B. and Janet Holmes (ed.), *Sociolinguistics*, Penguin Education, 1976, P. 7.

iii Strevens, P., McIntosh, A., Halliday, M.A.K., *The Linguistic Science and Language Teaching*, Longmans, London, 1964, P-87

iv Yule, George, *The Study of Language*, Cambridge University Press, New York, 1985, P-210-211.

v ਆਤਮ ਸਿੰਘ, *ਸਮਾਜ ਭਾਸ਼ਾ ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-16

vi ਧੀਰ, ਸੰਤੋਖ ਸਿੰਘ, *ਸਵੇਰ ਹੋਣ ਤਕ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955, ਪੰਨਾ-108

vii ਉਹੀ, ਪੰਨਾ-115

viii ਉਹੀ, ਪੰਨਾ-52

ix ਉਹੀ, ਪੰਨਾ-108

x ਧੀਰ, ਸੰਤੋਖ ਸਿੰਘ, *ਪੱਬੇ ਪੱਖੀ*, ਆਰਸੀ ਪਬਲਿਸ਼ਰਜ਼, ਦਿੱਲੀ, 2007, ਪੰਨਾ-121

xi ਉਹੀ, ਪੰਨਾ-121

xii ਧੀਰ, ਸੰਤੋਖ ਸਿੰਘ, *ਨਵੀਆਂ ਅੱਖਾਂ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009, ਪੰਨਾ-46

xiii ਉਹੀ, ਪੰਨਾ-96

xiv ਉਹੀ, ਪੰਨਾ-100

---

xv ਧੀਰ, ਸੰਤੋਖ ਸਿੰਘ, *ਨਵੀਆਂ ਅੱਖਾਂ*, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009, ਪੰਨਾ-30

xvi ਉਹੀ, ਪੰਨਾ-30

xvii ਧੀਰ, ਸੰਤੋਖ ਸਿੰਘ, *ਸ਼ਰਾਬ ਦਾ ਗਲਾਸ,* ਆਰਸੀ ਪਬਲਿਸ਼ਰਜ਼, ਦਿੱਲੀ, 1970, ਪੰਨਾ-36

xviii ਧੀਰ, ਸੰਤੋਖ ਸਿੰਘ, *ਸਵੇਰ ਹੋਣ ਤਕ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955, ਪੰਨਾ-19

xix ਉਹੀ, ਪੰਨਾ-26

xx ਧੀਰ, ਸੰਤੋਖ ਸਿੰਘ, *ਸ਼ਰਾਬ ਦਾ ਗਲਾਸ,* ਆਰਸੀ ਪਬਲਿਸ਼ਰਜ਼, ਦਿੱਲੀ, 1970, ਪੰਨਾ-12

xxi ਧੀਰ, ਸੰਤੋਖ ਸਿੰਘ, *ਊਸ਼ਾ ਭੈਣ ਜੀ ਚੁੱਪ ਸਨ,* ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1991, ਪੰਨਾ-20